# ਈਅਰ ਫ਼ੋਨ

"ਬੇਟਾ ਹੁਣ ਤਾਂ ਈਅਰ ਫ਼ੋਨ ਛੱਡ ਦਿਓ, ਬਹੁਤ ਹੋ ਗਿਆ ਦੋ ਘੰਟੇ ਹੋ ਗਏ ਨੇ ਗਾਣੇ ਸੁਣਦੇ ਨੂੰ, ਹੁਣ ਮਨ ਵੀ ਭਰ ਗਿਆ ਹੋਵੇਗਾ।"

ਮੀਨਾਕਸ਼ੀ ਦੀ ਮੰਮੀ ਨੇ ਕੋਲ ਆ ਕੇ ਕਿਹਾ।

'ਮੰਮੀ ਤੁਸੀਂ ਤਾਂ ਹਰ ਵੇਲੇ ਟੋਕਦੇ ਰਹਿੰਦੇ ਹੋ। ਸਵੇਰ ਤੋਂ ਦੁਪਹਿਰ ਤੀਕ ਸਕੂਲ ਦੀ ਪੜ੍ਹਾਈ ਕਰਕੇ ਥੱਕ ਜਾਂਦੀ ਹਾਂ, ਹੁਣ ਜੇਕਰ ਮੈਂ ਗਾਣੇ ਨਾ ਸੁਣਾ ਤਾਂ ਹੋਰ ਕੀ ਕਰਾਂ—ਕੋਈ ਹੈ ਵੀ ਨਹੀਂ ਜਿਸ ਨਾਲ ਮੈਂ ਕੋਈ ਗੇਮ ਖੇਡ ਸਕਾਂ।"

ਮੀਨਾਕਸ਼ੀ ਨੇ ਮੱਥੇ ਵੱਟ ਪਾਉਂਦਿਆਂ ਕਿਹਾ।

'ਮੇਰਾ ਮਤਲਬ ਹੈ ਬਹੁਤੀ ਦੇਰ ਗਾਣੇ ਨਹੀਂ ਸੁਣੀਦੇ, ਤੂੰ ਅਖ਼ਬਾਰ ਪੜ੍ਹਦੀ ਤੇ ਟੀ.ਵੀ. ਵੇਖਦੀ ਹੈ ਨਾ, ਕੀ ਦੱਸਦੇ ਨੇ ਉਹ ਕਦੇ ਸੋਚਿਆ ਹੈ, ਆ ਮੈਂ ਤੇਰੇ ਨਾਲ ਕੈਰਮ ਬੋਰਡ ਖੇਡਦੀ ਹਾਂ।"

ਮੀਨਾਕਸ਼ੀ ਦੀ ਮੰਮੀ ਨਿਸ਼ਾ ਨੇ ਉਸ ਨੂੰ ਪਲੋਸਦਿਆਂ ਕਿਹਾ।

ਮਾਂ ਧੀ ਨੂੰ ਕੈਰਮ ਬੋਰਡ ਖੇਡਦਿਆਂ ਅਜੇ ਦਸ ਕੁ ਮਿੰਟ ਹੀ ਹੋਏ ਸਨ ਕਿ ਉਸ ਦੇ ਘਰ ਦੀ ਘੰਟੀ ਵੱਜੀ। ਮੀਨਾਕਸ਼ੀ ਦੀ ਮੰਮੀ ਨੇ ਵੇਖਿਆ ਕਿ ਉਸ ਦੀ ਸਹੇਲੀ ਪੂਨਮ ਉਸ ਨੂੰ ਮਿਲਣ ਆਈ ਹੈ। ਮੀਨਾਕਸ਼ੀ ਨੇ ਉਸ ਨੂੰ ਡਰਾਇੰਗ ਰੂਮ ਵਿਚ ਬਿਠਾਇਆ ਅਤੇ ਆਪ ਚਾਹ ਬਣਾਉਣ ਚਲੀ ਗਈ। ਉਧਰ ਮੀਨਾਕਸ਼ੀ ਨੂੰ ਈਅਰ ਫ਼ੋਨ 'ਤੇ ਗਾਣੇ ਸੁਣਨ ਦਾ ਮੌਕਾ ਮਿਲ ਗਿਆ।

ਨਿਸ਼ਾ ਅਤੇ ਪੂਨਮ ਚਾਹ ਦੀਆਂ ਚੁਸਕੀਆਂ ਦੇ ਨਾਲ-ਨਾਲ ਗੱਲਾਂ ਵੀ ਕਰ ਰਹੀਆਂ ਸਨ ਕਿ ਨਿਸ਼ਾ ਨੇ ਪੂਨਮ ਕੋਲ ਈਅਰ ਫ਼ੋਨ ਦੀ ਗੱਲ ਕਰਦਿਆਂ ਗੱਲ ਛੇੜੀ ਕਿ ਉਸ ਦੀ ਬੇਟੀ ਮੀਨਾਕਸ਼ੀ ਸਾਰਾ ਦਿਨ ਈਅਰ ਫ਼ੋਨ ਦਾ ਖਹਿੜਾ ਨਹੀਂ ਛੱਡਦੀ। ਅੱਗੋਂ ਪੂਨਮ ਨੇ ਆਪਣੇ ਬੇਟੇ ਬਾਰੇ ਦੱਸਿਆ ਕਿ ਉਹ ਵੀ ਸਾਰਾ ਦਿਨ ਈਅਰ ਫ਼ੋਨ ਨੂੰ ਚਿੰਬੜਿਆ ਰਹਿੰਦਾ ਹੈ। ਅੱਧੇ ਕੁ ਘੰਟੇ ਬਾਅਦ ਜਿਉਂ ਹੀ ਪੂਨਮ ਨਿਸ਼ਾ ਦੇ ਘਰੋਂ ਨਿਕਲੀ ਤਾਂ ਉਸ ਸਮੇਂ ਮੀਨਾਕਸ਼ੀ ਦੇ ਪਾਪਾ ਘਰ ਆ ਗਏ।



### ਔਖੇ ਸ਼ਬਦਾਂ ਦੇ ਅਰਥ

| | |
|---|---|
| ਟੋਕਦੇ | : ਰੋਕਦੇ, ਮਨ੍ਹਾਂ ਕਰਦੇ |
| ਮੱਥੇ ਵੱਟ ਪਾਉਂਦਿਆਂ | : ਗੁੱਸਾ ਕਰਦਿਆਂ |

### ਔਖੇ ਸ਼ਬਦਾਂ ਦੇ ਅਰਥ

| | |
|---|---|
| ਪਲੋਸਦਿਆਂ | : ਪਿਆਰ ਕਰਦਿਆਂ |
| ਚੁਸਕੀਆਂ | : ਘੁੱਟ ਭਰਨਾ |
| ਚਿੰਬੜਿਆ | : ਨਾਲ ਲਗਿਆ, ਜੁੜਿਆ |

ਚੌਂਕ : ਹੈਰਾਨ
ਹਲੀਮੀ : ਨਿਮਰਤਾ

**ਔਖੇ ਸ਼ਬਦਾਂ ਦੇ ਅਰਥ**

ਫ਼ਸਟ : ਪਹਿਲਾ ਸਥਾਨ
ਲਹਿਰਾਂ-ਬਹਿਰਾਂ : ਖ਼ੁਸ਼ੀ ਛਾ ਜਾਣੀ
ਗਿਫ਼ਟ : ਤੋਹਫ਼ਾ

**ਔਖੇ ਸ਼ਬਦਾਂ ਦੇ ਅਰਥ**

ਉਨ੍ਹਾਂ ਨੇ ਅੰਦਰ ਜਾ ਕੇ ਵੇਖਿਆ ਕਿ ਮੀਨਾਕਸ਼ੀ ਈਅਰ ਫ਼ੋਨ ਲਗਾ ਕੇ, ਅੱਖਾਂ ਬੰਦ ਕਰਕੇ ਕਿਵੇਂ ਮਸਤੀ ਵਿਚ ਝੂਮ ਰਹੀ ਹੈ। ਮੀਨਾਕਸ਼ੀ ਦੇ ਪਾਪਾ ਚੁੱਪਚਾਪ ਕੁਰਸੀ 'ਤੇ ਬੈਠ ਕੇ ਸਭ ਕੁਝ ਵੇਖਦੇ ਰਹੇ। ਪੰਜ ਕੁ ਮਿੰਟ ਬਾਅਦ ਜਦੋਂ ਮੀਨਾਕਸ਼ੀ ਨੇ ਅੱਖਾਂ ਖੋਹਲੀਆਂ ਤਾਂ ਉਹ ਆਪਣੇ ਪਾਪਾ ਨੂੰ ਸਾਹਮਣੇ ਕੁਰਸੀ 'ਤੇ ਬੈਠਿਆਂ ਵੇਖ ਕੇ ਚੌਂਕ ਗਈ।

"ਪਾਪਾ, ਤੁਸੀਂ ਕਦੋਂ ਆਏ, ਮੈਨੂੰ ਪਤਾ ਹੀ ਨਹੀਂ ਲੱਗਿਆ।" ਮੀਨਾਕਸ਼ੀ ਨੇ ਹੈਰਾਨੀ ਨਾਲ ਕਿਹਾ।

"ਥੋੜ੍ਹਾ ਹੀ ਸਮਾਂ ਹੋਇਆ ਹੈ ਆਇਆਂ ਨੂੰ।"

"ਮੁਆਫ਼ ਕਰਨਾ ਪਾਪਾ, ਮੈਂ ਤੁਹਾਨੂੰ ਵੇਖਿਆ ਹੀ ਨਹੀਂ।"

"ਤਾਂ ਹੀ ਦੁਨੀਆ ਜਹਾਨ ਤੋਂ ਬੇਖਬਰ ਸੀ।" ਪਾਪਾ ਨੇ ਵਿਅੰਗ ਕੱਸਿਆ।

"ਵੇਖੋ ਬੇਟਾ, ਸਾਰਾ ਦਿਨ ਈਅਰ ਫ਼ੋਨ ਕੰਨਾਂ 'ਤੇ ਨਹੀਂ ਲਗਾਉਣਾ ਚਾਹੀਦਾ, ਇਸ ਨਾਲ ਸੁਣਨ-ਸ਼ਕਤੀ ਕਮਜ਼ੋਰ ਹੁੰਦੀ ਹੈ, ਨਾਲੇ ਅਜੇ ਤੇਰੀ ਉਮਰ ਹੀ ਕੀ ਹੈ।" ਮੀਨਾਕਸ਼ੀ ਦੇ ਪਾਪਾ ਨੇ ਪਿਆਰ ਨਾਲ ਸਮਝਾਇਆ।

"ਸੌਰੀ ਪਾਪਾ, ਮੈਂ ਅੱਗੋਂ ਤੁਹਾਡੀਆਂ ਕਹੀਆਂ ਗੱਲਾਂ ਦਾ ਧਿਆਨ ਰੱਖਾਂਗੀ।" ਮੀਨਾਕਸ਼ੀ ਨੇ ਹਲੀਮੀ ਨਾਲ ਕਿਹਾ।

ਮੀਨਾਕਸ਼ੀ ਦੇ ਮੰਮੀ-ਪਾਪਾ ਉਸ ਦੇ ਈਅਰ ਫ਼ੋਨ ਦੀ ਵਰਤੋਂ ਪ੍ਰਤੀ ਬਹੁਤ ਪਰੇਸ਼ਾਨ ਸਨ। ਉਨ੍ਹਾਂ ਨੇ ਕਈ ਵਾਰ ਗੁੱਸੇ ਨਾਲ ਕਹਿ ਕੇ ਵੀ ਵੇਖ ਲਿਆ, ਪ੍ਰੰਤੂ ਇਕ ਅੱਧਾ ਦਿਨ ਹੀ ਮੀਨਾਕਸ਼ੀ 'ਤੇ ਅਸਰ ਹੁੰਦਾ ਸੀ ਮਗਰੋਂ ਫਿਰ ਉਹੀ ਹਾਲ ਹੋ ਜਾਂਦਾ ਸੀ। ਮੀਨਾਕਸ਼ੀ ਬਾਰਵ੍ਹੀਂ ਜਮਾਤ ਵਿਚ ਪੜ੍ਹਦੀ ਸੀ। ਇਸ ਕਰਕੇ ਉਸ ਨੂੰ ਪਿਆਰ ਨਾਲ ਸਮਝਾਉਣਾ ਹੀ ਠੀਕ ਸੀ। ਮੀਨਾਕਸ਼ੀ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਸੀ। ਉਹ ਹਰ ਵਾਰ ਪਹਿਲੇ ਨੰਬਰ 'ਤੇ ਆਉਂਦੀ ਸੀ। ਮੀਨਾਕਸ਼ੀ ਦੇ ਸਾਲਾਨਾ ਪੇਪਰ ਵੀ ਆ ਗਏ। ਪਰ ਉਸ 'ਤੇ ਫਿਰ ਵੀ ਈਅਰ ਫ਼ੋਨ ਦਾ ਭੂਤ ਸਵਾਰ ਸੀ। ਅੱਧੀ-ਅੱਧੀ ਰਾਤ ਤੀਕ ਈਅਰ ਫ਼ੋਨ ਲਗਾ ਕੇ ਗਾਣੇ ਸੁਣਦੀ ਰਹਿੰਦੀ ਸੀ। ਜਦ ਕਦੇ ਉਸ ਦੇ ਮੰਮੀ-ਪਾਪਾ ਸਾਹਮਣੇ ਆ ਜਾਂਦੇ ਤਾਂ ਉਹ ਈਅਰ ਫ਼ੋਨ ਹਟਾ ਲੈਂਦੀ। ਉਨ੍ਹਾਂ ਦੇ ਜਾਣ ਮਗਰੋਂ ਫਿਰ ਫ਼ੋਨ ਕੰਨਾਂ 'ਤੇ ਧਰ ਲੈਂਦੀ। ਪੇਪਰ ਖ਼ਤਮ ਹੋਣ ਮਗਰੋਂ ਮੀਨਾਕਸ਼ੀ ਆਪਣੀ ਭੂਆ ਦੇ ਘਰ ਚਲੀ ਗਈ। ਉਸ ਲਈ ਤਾਂ ਲਹਿਰਾਂ-ਬਹਿਰਾਂ ਲੱਗ ਗਈਆਂ। ਉਥੇ ਉਹ ਬੇਰੋਕ-ਟੋਕ ਈਅਰ ਫ਼ੋਨ ਸੁਣਨ ਲੱਗੀ। ਭੂਆ ਥੋੜ੍ਹੀ-ਬਹੁਤ ਨਾਂਹ-ਨੁੱਕਰ ਤਾਂ ਕਰਦੀ, ਪਰ ਮੀਨਾਕਸ਼ੀ ਕਿੱਥੇ ਰੁਕਣ ਵਾਲੀ ਸੀ। ਅਖੇ—ਪੰਚਾਂ ਦਾ ਕਿਹਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ।



ਕਾਫ਼ੀ ਦਿਨਾਂ ਬਾਅਦ ਬਾਰਵ੍ਹੀਂ ਦਾ ਨਤੀਜਾ

ਆਉਣ ਮਗਰੋਂ ਮੀਨਾਕਸ਼ੀ ਦੇ ਮੰਮੀ-ਪਾਪਾ ਉਸ ਨੂੰ ਉਸ ਦੀ ਭੂਆ ਦੇ ਘਰੋਂ ਲੈ ਆਏ।

"ਪਾਪਾ, ਮੈਂ ਫ਼ਸਟ ਆਈ ਹਾਂ, ਇਸ ਵਾਰ ਵੀ, ਐਵੇਂ ਤੁਸੀਂ ਤੇ ਮੰਮੀ ਮੈਨੂੰ ਸਾਰਾ ਦਿਨ ਟੋਕਦੇ ਰਹਿੰਦੇ ਸੀ ਕਿ ਈਅਰ ਫ਼ੋਨ ਛੱਡ ਦੇ ਪੜ੍ਹਾਈ ਖ਼ਰਾਬ ਹੁੰਦੀ ਹੈ। ਹੋਈ ਐ ਕੋਈ ਖ਼ਰਾਬ ਪੜ੍ਹਾਈ।" ਮੀਨਾਕਸ਼ੀ ਨੇ ਆਪਣੇ ਅੰਦਾਜ਼ ਵਿਚ ਕਿਹਾ।

"ਬੇਟਾ ਜੀ, ਅਸੀਂ ਤਾਂ ਹੁਣ ਵੀ ਕਹਿੰਦੇ ਹਾਂ ਕਿ ਈਅਰ ਫ਼ੋਨ ਲਗਾਉਣ 'ਤੇ ਸੁਣਨ-ਸ਼ਕਤੀ ਕਮਜ਼ੋਰ ਹੁੰਦੀ ਹੈ।" ਮੀਨਾਕਸ਼ੀ ਦੇ ਪਾਪਾ ਨੇ ਫਿਰ ਸਮਝਾਇਆ।

"ਅੱਛਾ ਪਾਪਾ ਹੁਣ ਦੱਸੋ ਮੈਨੂੰ ਕੀ ਗਿਫ਼ਟ ਦਿਓਗੇ ? ਤੁਸੀਂ ਕਿਹਾ ਸੀ ਕਿ ਜੇਕਰ ਫ਼ਸਟ ਆਏਂਗੀ ਤਾਂ ਮੂੰਹ-ਮੰਗਿਆ ਗਿਫ਼ਟ ਮਿਲੂਗਾ।" ਮੀਨਾਕਸ਼ੀ ਨੇ ਉਤਸੁਕਤਾ ਨਾਲ ਕਿਹਾ।

"ਜ਼ਰੂਰ ਮਿਲੇਗਾ ਗਿਫ਼ਟ, ਦੱਸੋ ਕੀ ਲੈਣਾ ਏ।"

"ਨਵਾਂ ਮੋਬਾਈਲ।"

"ਵਾਅਦਾ ਕਰੋ ਕਿ ਈਅਰ ਫ਼ੋਨ ਨਹੀਂ ਸੁਣੇਂਗੀ।"

ਘਰ ਪੁੱਜ ਕੇ ਉਸੇ ਦਿਨ ਮੀਨਾਕਸ਼ੀ ਨੂੰ ਨਵਾਂ ਮੋਬਾਈਲ ਮਿਲ ਗਿਆ। ਮੀਨਾਕਸ਼ੀ ਦੇ ਜਨਮ ਦਿਨ ਆਉਣ ਵਿਚ ਵੀਹ ਕੁ ਦਿਨ ਬਾਕੀ ਰਹਿ ਗਏ ਸਨ। ਉਸ ਨੇ ਪਹਿਲਾਂ ਹੀ ਆਪਣੇ ਮੰਮੀ-ਪਾਪਾ ਨੂੰ ਦੱਸ ਦਿੱਤਾ ਸੀ ਕਿ ਉਹ ਇਸ ਵਾਰ ਜਨਮ ਦਿਨ ਦੇ ਮੌਕੇ 'ਤੇ ਸਾਰੀਆਂ ਸਹੇਲੀਆਂ ਨੂੰ ਘਰ ਬੁਲਾ ਕੇ ਪਾਰਟੀ ਦੇਵੇਗੀ। ਇਸ ਕਰਕੇ ਡਰਾਇੰਗ ਰੂਮ ਦੇ ਪਰਦੇ, ਸੋਫਾ ਸੈੱਟ ਦੇ ਕਵਰ ਅਤੇ ਹੋਰ ਸਜਾਵਟੀ ਸਮਾਨ ਵੀ ਨਵਾਂ ਲਿਆਂਦਾ ਜਾਵੇਗਾ। ਇਕ ਦਿਨ ਸਮਾਨ ਦੀ ਖਰੀਦਦਾਰੀ ਲਈ ਉਹ ਬਜ਼ਾਰ ਚਲੇ ਗਏ। ਕਾਰ ਪਾਰਕਿੰਗ ਵਿਚ ਲਗਾ ਕੇ ਬਾਜ਼ਾਰ ਵੱਲ ਜਾਣ ਲੱਗੇ ਤਾਂ ਮੀਨਾਕਸ਼ੀ ਨੇ ਸੁਭਾਵਕ ਹੀ ਈਅਰ ਫ਼ੋਨ ਕੰਨਾਂ ਵਿਚ ਲਗਾ ਲਿਆ। ਉਸ



ਦੇ ਮੰਮੀ-ਪਾਪਾ ਨੇ ਮਨ੍ਹਾਂ ਕਰਨਾ ਚਾਹਿਆ। ਪਰ ਮੀਨਾਕਸ਼ੀ ਦੇ ਮੂਡ ਨੂੰ ਵੇਖ ਕੇ ਚੁੱਪ ਵੱਟ ਗਏ। ਅਗਲੇ ਮੋੜ 'ਤੇ ਮੀਨਾਕਸ਼ੀ ਦੇ ਮੰਮੀ-ਪਾਪਾ ਤਾਂ ਸੜਕ ਪਾਰ ਕਰ ਗਏ ਪਰ ਮੀਨਾਕਸ਼ੀ ਪਿੱਛੇ ਰਹਿ ਗਈ। ਉਸ ਨੇ ਆਪਣੀ ਮਸਤੀ ਵਿਚ ਜਿਉਂ ਹੀ ਸੜਕ ਪਾਰ ਕਰਨੀ ਚਾਹੀ ਤਾਂ ਉਸ ਦੀ ਮੋਟਰਸਾਇਕਲ ਨਾਲ ਟੱਕਰ ਹੋ ਗਈ। ਮੀਨਾਕਸ਼ੀ ਜ਼ਮੀਨ 'ਤੇ ਮੂਧੇ ਮੂੰਹ ਡਿੱਗ ਪਈ। ਉੱਚੀ-ਉੱਚੀ ਚੀਕਾਂ ਮਾਰਨ ਲੱਗੀ ਤੇ ਉਸ ਦੀ ਸੱਜੀ ਲੱਤ ਲਹੂ-ਲੁਹਾਨ ਹੋਈ ਪਈ ਸੀ। ਇਸ ਹਾਦਸੇ ਨੂੰ ਵੇਖ ਕੇ ਬਾਜ਼ਾਰ ਵਿਚ ਕਾਫ਼ੀ ਭੀੜ ਇਕੱਠੀ ਹੋ ਗਈ। ਏਨੇ ਨੂੰ ਮੀਨਾਕਸ਼ੀ ਦੇ ਮੰਮੀ-ਪਾਪਾ ਆ ਗਏ। ਉਨ੍ਹਾਂ ਨੂੰ ਸਮਝ ਨਹੀਂ ਆ ਰਿਹਾ ਸੀ ਕਿ ਕੀ ਕੀਤਾ

ਹਾਦਸੇ : ਮਾੜੀ ਘਟਨਾ, ਦੁਰਘਟਨਾ
ਬੇਝਿਜਕ : ਬਿਨਾਂ ਰੁਕਾਵਟ ਤੋਂ, ਨਿਰਸੰਦੇਹ
ਅਹਿਸਾਸ : ਪਤਾ ਲੱਗਣਾ
ਝੂਰਦੀ : ਪਛਤਾਉਂਦੀ,

ਅਫ਼ਸੋਸ ਕਰਦੀ, ਨਿਰਾਸ਼ ਹੁੰਦੀ
ਨਸੀਹਤਾਂ : ਮੱਤਾਂ, ਸਿੱਖਿਆ, ਸਲਾਹਾਂ, ਉਪਦੇਸ਼
ਅੜੀਅਲ
ਰਵੱਈਆ : ਸਖ਼ਤ ਵਿਵਹਾਰ
ਤੌਬਾ : ਮਾੜੇ ਕਰਮਾਂ ਨੂੰ ਤਿਆਗ ਦੇਣ ਦੀ ਪ੍ਰਤਿੱਗਿਆ

ਜਾਵੇ। ਉਨ੍ਹਾਂ ਨੇ ਰਿਕਸ਼ੇ 'ਤੇ ਬਿਠਾ ਕੇ ਮੀਨਾਕਸ਼ੀ ਨੂੰ ਪਾਰਕਿੰਗ ਤੀਕ ਲਿਆਂਦਾ। ਉਹ ਉਸ ਨੂੰ ਹਸਪਤਾਲ ਲੈ ਗਏ। ਹਸਪਤਾਲ ਵਿਚ ਡਾਕਟਰਾਂ ਨੇ ਜਾਂਚ ਤੋਂ ਬਾਦ ਦੱਸਿਆ ਕਿ ਮੀਨਾਕਸ਼ੀ ਦੀ ਲੱਤ ਦੀ ਹੱਡੀ ਟੁੱਟ ਗਈ ਹੈ। ਉਸ 'ਤੇ ਪਲੱਸਤਰ ਲਗਾ ਦਿੱਤਾ ਗਿਆ। ਮੀਨਾਕਸ਼ੀ ਦੇ ਮੰਮੀ-ਪਾਪਾ ਨੂੰ ਪਤਾ ਸੀ ਕਿ ਇਹ ਹਾਦਸਾ ਉਸ ਦੇ ਈਅਰ ਫ਼ੋਨ ਕਾਰਨ ਹੀ ਵਾਪਰਿਆ ਹੈ। ਪਲੱਸਤਰ ਲਗਾਉਣ ਤੋਂ ਬਾਅਦ ਮੀਨਾਕਸ਼ੀ ਹਸਪਤਾਲ ਤੋਂ ਘਰ ਆ ਗਈ। ਹਾਦਸੇ ਦੀ ਖ਼ਬਰ ਸੁਣਦਿਆਂ ਹੀ ਉਨ੍ਹਾਂ ਦੇ ਆਂਢੀ-ਗੁਆਂਢੀ ਅਤੇ ਹੋਰ ਰਿਸ਼ਤੇਦਾਰ ਪਤਾ ਲੈਣ ਲਈ ਆਉਣ ਲੱਗੇ ਤੇ ਉਹ ਹਾਦਸੇ ਦਾ ਕਾਰਨ ਪੁੱਛਣ ਲੱਗੇ। ਮੀਨਾਕਸ਼ੀ ਨੇ ਬੇਝਿਜਕ ਹੋ ਕੇ ਸਭ ਨੂੰ ਦੱਸ ਦਿੱਤਾ ਕਿ ਉਹ ਈਅਰ ਫ਼ੋਨ ਲਗਾ ਕੇ ਗਾਣੇ ਸੁਣਦਿਆਂ ਹੋਇਆਂ ਮਸਤੀ ਵਿਚ ਸੜਕ ਪਾਰ ਕਰ ਰਹੀ ਸੀ ਅਤੇ ਉਸ ਦੀ ਆਪਣੀ ਗ਼ਲਤੀ ਨਾਲ ਹੀ ਇਹ ਹਾਦਸਾ ਹੋਇਆ ਹੈ।

ਹੁਣ ਮੀਨਾਕਸ਼ੀ ਪਛਤਾਅ ਰਹੀ ਸੀ। ਮੰਮੀ-ਪਾਪਾ ਦੀ ਗੱਲ ਨਾ ਮੰਨਣ ਕਾਰਨ ਹੋਈ ਹਾਨੀ 'ਤੇ ਅੰਦਰੋਂ-ਅੰਦਰ ਆਪਣੇ-ਆਪ ਨੂੰ ਕੋਸ ਰਹੀ ਸੀ। ਗੁੱਸੇ ਵਿਚ ਮੀਨਾਕਸ਼ੀ ਨੇ ਆਪਣਾ ਈਅਰ ਫ਼ੋਨ ਸੁੱਟ ਦਿੱਤਾ। ਨਾਲ ਹੀ ਮੰਮੀ-ਪਾਪਾ ਤੋਂ ਮੁਆਫ਼ੀ ਮੰਗੀ। ਮੀਨਾਕਸ਼ੀ ਨੂੰ ਠੀਕ ਹੋਣ ਵਿਚ ਤਿੰਨ ਮਹੀਨੇ ਲੱਗ ਗਏ। ਇਸ ਦੌਰਾਨ ਉਹ ਮਨ ਹੀ ਮਨ ਵਿਚ ਆਪਣੀ ਗ਼ਲਤੀ 'ਤੇ ਝੂਰਦੀ ਰਹੀ। ਮੰਮੀ-ਪਾਪਾ ਦੀਆਂ ਈਅਰ ਫ਼ੋਨ ਨਾ ਲਗਾਉਣ ਸਬੰਧੀ ਪਹਿਲਾਂ ਦਿੱਤੀਆਂ ਨਸੀਹਤਾਂ ਨਾ ਮੰਨਣ ਅਤੇ ਆਪਣੇ ਅੜੀਅਲ ਰਵੱਈਏ ਦੀਆਂ ਗੱਲਾਂ ਯਾਦ ਕਰਕੇ ਉਸ ਨੂੰ ਸ਼ਰਮ ਆਉਣ ਲੱਗੀ। ਸਗੋਂ ਉਹ ਤਾਂ ਹੁਣ ਆਪਣੇ ਦੋਸਤਾਂ ਨੂੰ ਵੀ ਨਸੀਹਤਾਂ ਦੇਣ ਲੱਗੀ। ਹੁਣ ਉਸ ਨੂੰ ਸਮਝ ਆ ਗਈ ਸੀ ਕਿ ਹੱਦੋਂ ਵੱਧ ਕਿਸੇ ਚੀਜ਼ ਦੀ ਵਰਤੋਂ ਨੁਕਸਾਨਦਾਇਕ ਹੋ ਸਕਦੀ ਹੈ। ਮੀਨਾਕਸ਼ੀ ਨੇ ਅੱਗੋਂ ਅਜਿਹੀ ਗ਼ਲਤੀ ਕਰਨ ਤੋਂ ਤੌਬਾ ਕੀਤੀ।

**ਬਲਵਿੰਦਰ ਸਿੰਘ ਸੋਢੀ**

## ਟਿੱਪਣੀ

ਅੱਜ ਦੇ ਮਾਹੌਲ ਵਿਚ ਸਾਡੀ ਨੌਜਵਾਨ ਪੀੜ੍ਹੀ ਈਅਰ ਫ਼ੋਨ ਦੀ ਹੱਦ ਤੋਂ ਜ਼ਿਆਦਾ ਵਰਤੋਂ ਕਰਨ ਲੱਗੀ ਹੋਈ ਹੈ। ਹਰ ਪਾਸੇ ਸਾਨੂੰ ਮੁੰਡੇ-ਕੁੜੀਆਂ ਅਕਸਰ ਕੰਨਾਂ ਵਿਚ ਈਅਰ ਫ਼ੋਨ ਲਗਾ ਕੇ ਗਾਣੇ ਸੁਣਦੇ ਨਜ਼ਰ ਆਉਂਦੇ ਹਨ। ਉਨ੍ਹਾਂ ਨੂੰ ਉਸ ਸਮੇਂ ਆਪਣੀ ਕੋਈ ਸੁੱਧ-ਬੁੱਧ ਨਹੀਂ ਹੁੰਦੀ। ਇਸ ਕਹਾਣੀ ਵਿਚ ਦੱਸਿਆ ਗਿਆ ਹੈ ਕਿ ਜੋ ਬੱਚੇ ਵੱਡਿਆਂ ਦੀ ਗੱਲ ਨੂੰ ਨਜ਼ਰ ਅੰਦਾਜ਼ ਕਰਕੇ ਆਪਣੀ ਮਨਮਰਜ਼ੀ ਕਰਦੇ ਹਨ। ਉਹ ਬਾਅਦ ਵਿਚ ਹਮੇਸ਼ਾ ਪਛਤਾਉਂਦੇ ਹਨ। ਇਸ ਕਹਾਣੀ ਦੇ ਵਿਚ ਮੀਨਾਕਸ਼ੀ ਦੇ ਬਿਰਤਾਂਤ ਰਾਹੀਂ ਦੱਸਿਆ ਗਿਆ ਹੈ ਕਿ ਉਹ ਵਾਰ-ਵਾਰ ਈਅਰ ਫ਼ੋਨ ਦੀ ਵਰਤੋਂ ਕਰਨ ਤੋਂ ਨਹੀਂ ਰੁਕਦੀ। ਅਖ਼ੀਰ ਵਿਚ ਏਸੇ ਬੁਰੀ ਆਦਤ ਕਾਰਨ ਜਦੋਂ ਉਸ ਦੀ ਲੱਤ ਟੁੱਟ ਜਾਂਦੀ ਹੈ ਤਾਂ ਉਸ ਨੂੰ ਮਹਿਸੂਸ ਹੁੰਦਾ ਹੈ ਕਿ ਉਸ ਨੇ ਮਾਪਿਆਂ ਦੀ ਗੱਲ 'ਤੇ ਧਿਆਨ ਨਾ ਦੇ ਕੇ ਈਅਰ ਫ਼ੋਨ ਸੁਣਨਾ ਜਾਰੀ ਰਖਿਆ ਅਤੇ ਉਹ ਹੁਣ ਉਸ ਦਾ ਨਤੀਜਾ ਭੁਗਤ ਰਹੀ ਹੈ।

## ਅਭਿਆਸ

**1. ਦੱਸੋ ਖਾਂ ਭਲਾ :**

(i) ਮੰਮੀ-ਪਾਪਾ, ਮੀਨਾਕਸ਼ੀ ਨੂੰ ਕਿਸ ਗੱਲ ਤੋਂ ਰੋਕਦੇ ਸਨ ?

(ii) ਕੀ ਮੀਨਾਕਸ਼ੀ ਈਅਰ ਫ਼ੋਨ ਦੀ ਵਰਤੋਂ ਕਰਕੇ ਫ਼ੇਲ ਹੋ ਗਈ ਸੀ ?

(iii) ਮੀਨਾਕਸ਼ੀ ਦੀ ਮਾਂ ਉਸ ਨਾਲ ਕੀ ਖੇਡਣਾ ਚਾਹੁੰਦੀ ਸੀ ?

(iv) ਬਾਰ੍ਹਵੀਂ ਜਮਾਤ ਦਾ ਨਤੀਜਾ ਆਉਣ ਉਪਰੰਤ ਮੰਮੀ-ਪਾਪਾ, ਮੀਨਾਕਸ਼ੀ ਨੂੰ ਕਿੱਥੋਂ ਲੈ ਕੇ ਆਏ ਸਨ ?

(v) ਪਾਸ ਹੋਣ ਦੇ ਤੋਹਫ਼ੇ ਵਜੋਂ ਮੀਨਾਕਸ਼ੀ ਨੇ ਮੰਮੀ-ਪਾਪਾ ਤੋਂ ਕਦੋਂ ਤੇ ਕਿਹੜੀ ਚੀਜ਼ ਦੀ ਮੰਗ ਕੀਤੀ ?

(vi) ਕਹਾਣੀ ਵਿਚ ਹਾਦਸਾ ਵਾਪਰਨ ਦਾ ਮੁੱਖ ਕਾਰਨ ਕੀ ਸੀ ? ਇਸ ਬਾਰੇ ਵਿਸਤਾਰ ਸਹਿਤ ਦਸੋ।

## ਆਉ ਕੁਝ ਹੋਰ ਕਰੀਏ

**ੳ. ਪਾਠ ਤੋਂ ਅੱਗੇ**

(i) ਕੀ ਤੁਸੀਂ ਆਪ ਕਦੇ ਈਅਰ ਫ਼ੋਨ ਦੀ ਹੱਦ ਤੋਂ ਵੱਧ ਵਰਤੋਂ ਕੀਤੀ ਹੈ ? ਆਪਣਾ ਤਜ਼ਰਬਾ ਬਿਆਨ ਕਰੋ।

(ii) ਕਹਾਣੀ ਵਿਚ ਈਅਰ ਫ਼ੋਨ ਦੇ ਬੁਰੇ ਪ੍ਰਭਾਵ ਦੱਸੇ ਗਏ ਹਨ ? ਕੀ ਤੁਸੀਂ ਇਸ ਦੇ ਕੁਝ ਫ਼ਾਇਦੇ ਦੱਸ ਸਕਦੇ ਹੋ ?

(iii) ਕੀ ਤੁਸੀਂ ਇਸ ਗੱਲ ਨਾਲ ਸਹਿਮਤ ਹੋ ਕਿ ਈਅਰ ਫ਼ੋਨ ਦੀ ਵਧੇਰੇ ਵਰਤੋਂ ਨਾਲ ਸੁਣਨ-ਸ਼ਕਤੀ ਪ੍ਰਭਾਵਤ ਹੁੰਦੀ ਹੈ ? ਆਪਣੇ ਵਿਚਾਰਾਂ ਨਾਲ ਆਪਣੇ ਮਿੱਤਰ ਨੂੰ ਕਿਵੇਂ ਪ੍ਰਭਾਵਿਤ ਕਰੋਗੇ ? 10-10 ਸੰਵਾਦ ਲਿਖੋ।

(iv) ਈਅਰ ਫ਼ੋਨ ਦੀ ਵਰਤੋਂ ਨਾਲ ਸਮਾਜ ਵਿਚ ਵਾਪਰਦੀਆਂ ਘਟਨਾਵਾਂ ਦੇ ਹਵਾਲੇ ਨਾਲ ਇਕ ਲੇਖ ਲਿਖੋ।

**ਅ. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ :**

(i) ਮੰਮੀ-ਪਾਪਾ ਬਾਜ਼ਾਰ ਜਾਂਦਾ ਹੈ।

(ii) ਈਅਰ ਫ਼ੋਨ ਮੀਨਾਕਸ਼ੀ ਸੁਣਦੀ ਹੈ।

(iii) ਡਾਕਟਰ ਨੇ ਮੀਨਾਕਸ਼ੀ ਬੁਲਾਇਆ।

(iv) ਦੱਸਿਆ ਉਸ ਨੇ ਮੈਂ ਬੀ.ਏ. ਕਰ ਲਈ ਹੈ।

(v) ਮੀਨਾਕਸ਼ੀ ਮੰਮੀ-ਪਾਪਾ ਆਪਣੇ ਨਾਲ ਹੌਲੀ-ਹੌਲੀ ਦੁੱਖ ਸੁੱਖ ਫੋਲ ਰਹੀ ਸੀ।

**ਏ. ਹੇਠ ਲਿਖੇ ਵਾਕਾਂ ਦੇ ਮੁਹਾਵਰੇ ਬਣਾਉ :**

(i) ਸੱਟ ਲੱਗਣ ਮਗਰੋਂ ਮੀਨਾਕਸ਼ੀ ਹੱਥ ਘਸਾਉਂਦੀ ਰਹਿ ਗਈ।

(ii) ਮੰਮੀ-ਪਾਪਾ ਦੀਆਂ ਨਸੀਹਤਾਂ ਨਾਲ ਮੀਨਾਕਸ਼ੀ ਦੇ ਕੰਨਾਂ ਉਪਰ ਜੂੰ ਵੀ ਨਹੀਂ ਸਰਕਦੀ ਸੀ।

(iii) ਮੀਨਾਕਸ਼ੀ ਮੂਹਰੇ ਮਾਪਿਆਂ ਦੀ ਦਾਲ ਨਹੀਂ ਗਲ ਰਹੀ ਸੀ।

(iv) ਮੰਮੀ-ਪਾਪਾ ਦੇ ਸੁਆਲ ਪੁੱਛਣ ਉਪਰ ਮੀਨਾਕਸ਼ੀ ਆਪਣੇ ਪੈਰਾਂ ਉੱਤੇ ਪਾਣੀ ਨਹੀਂ ਪੈਣ ਦਿੰਦੀ ਸੀ।

**ਸ. ਹੇਠ ਲਿਖੇ ਵਾਕਾਂ ਵਿਚੋਂ ਯੋਜਕ ਦੀ ਪਛਾਣ ਕਰਕੇ ਉਸ ਦੀ ਕਿਸਮ ਦੱਸੋ :**

(i) ਮੀਨਾਕਸ਼ੀ ਜ਼ਿੱਦੀ ਸੀ ਇਸ ਲਈ ਗੱਲ ਨਹੀਂ ਮੰਨਦੀ ਸੀ। ... ...

(ii) ਹਾਦਸਾ ਇੰਨਾ ਖ਼ਤਰਨਾਕ ਸੀ ਕਿ ਮੀਨਾਕਸ਼ੀ ਦੀ ਲੱਤ ਟੁੱਟ ਗਈ। ... ...

(iii) ਭਾਵੇਂ ਮੀਨਾਕਸ਼ੀ ਹੁਸ਼ਿਆਰ ਹੈ ਪਰ ਜ਼ਿੱਦੀ ਹੈ। ... ...

(iv) ਮੰਮੀ-ਪਾਪਾ ਮੀਨਾਕਸ਼ੀ ਨੂੰ ਇੰਝ ਸਮਝਾ ਰਹੇ ਸਨ ਜਿਵੇਂ ਉਹ ਨਾਸਮਝ ਹੋਵੇ। ... ...

(v) ਮੀਨਾਕਸ਼ੀ ਨੂੰ ਆਪਣੇ ਕੀਤੇ ਦਾ ਫ਼ਲ ਮਿਲ ਗਿਆ ਸੀ। ਤਾਂ ਹੀ ਤਾਂ ਉਹ ਸੁਚੇਤ ਹੋ ਗਈ ਸੀ। ... ...